# असीं लाई तेरे नाल

असीं लाई तेरे नाल साड़ी तोड़ निभा जावी
मेरी डूबदी बेडी नु साईंया बणे ला जावी
असीं लाई तेरे नाल साड़ी तोड़ निभा जावी

तुसी सब दी सुन्दे हो मेरे वल ध्यान करो
तुसी अन्तर्यामी हो मेरे ते एहसान करो
तू लाजा रखदा है मेरी लाज रखा जावी,
मेरी डूबदी बेडी नु साईंया बणे ला जावी
असीं लाई तेरे नाल साड़ी तोड़ निभा जावी

मेरी कुहक पपीहे दी सुन लाओ फरयाद मेरी
मेरे दिल विच आउंदी है साईंया मुड मुड याद तेरी
गलवकड़ी पा मेनू घुट सीने ला जावी
मेरी डूबदी बेडी नु साईंया बणे ला जावी
असीं लाई तेरे नाल साड़ी तोड़ निभा जावी

दुःख दर्द समुन्दरा च मन लटक्या मेरा है
देवो मोंडा बेडी नु मन अटकिया मेरा है
इस भूले रंग रेज दिया भुला भखशा जावी
मेरी डूबदी बेडी नु साईंया बणे ला जावी
असीं लाई तेरे नाल साड़ी तोड़ निभा जावी

ਅਸੀਂ ਲਾਈ ਤੇਰੇ ਨਾਲ, ਸਾਡੀ ਤੋੜ ਨਿਭਾ ਜਾਵੀਂ ॥
*ਮੇਰੀ 'ਡੁੱਬਦੀ ਬੇੜੀ ਨੂੰ ॥, ਸਾਂਈਆਂ ਬੰਨ੍ਹੇ ਲਾ ਜਾਵੀਂ,
ਅਸੀਂ ਲਾਈ ਤੇਰੇ ਨਾਲ, ਸਾਡੀ ਤੋੜ ਨਿਭਾ ਜਾਵੀਂ ॥

ਤੁਸੀਂ ਸਭ ਦੀ ਸੁਣਦੇ ਹੋ, ਮੇਰੇ ਵੱਲ ਧਿਆਨ ਕਰੋ ॥
ਤੁਸੀਂ ਅੰਤਰਯਾਮੀ ਹੋ, ਮੇਰੇ ਤੇ ਅਹਿਸਾਨ ਕਰੋ ॥
ਤੂੰ ਲਾਜ਼ਾਂ ਰੱਖਦਾ ਹੈ, ਮੇਰੀ ਲਾਜ਼ ਰਖਾ ਜਾਵੀਂ ॥,
*ਮੇਰੀ ਡੁੱਬਦੀ ਬੇੜੀ ਨੂੰ ॥, ਸਾਂਈਆਂ ਬੰਨ੍ਹੇ ਲਾ ਜਾਵੀਂ,
ਅਸੀਂ ਲਾਈ ਤੇਰੇ ਨਾਲ, ਸਾਡੀ ਤੋੜ ਨਿਭਾ ਜਾਵੀਂ ॥

ਮੇਰੀ ਕੂਹਕ ਪਪੀਹੇ ਦੀ, ਸੁਣ ਲਾਓ ਫ਼ਰਿਆਦ ਮੇਰੀ ॥
ਮੇਰੇ ਦਿਲ ਵਿੱਚ ਆਉਂਦੀ ਹੈ, ਸਾਂਈਆਂ ਮੁੜ ਮੁੜ ਯਾਦ ਤੇਰੀ ॥
ਗਲਵੱਕੜੀ ਪਾ ਮੈਨੂੰ, ਘੁੱਟ ਸੀਨੇ ਲਾ ਜਾਵੀਂ ॥,
*ਮੇਰੀ ਡੁੱਬਦੀ ਬੇੜੀ ਨੂੰ ॥, ਸਾਂਈਆਂ ਬੰਨ੍ਹੇ ਲਾ ਜਾਵੀਂ,
ਅਸੀਂ ਲਾਈ ਤੇਰੇ ਨਾਲ, ਸਾਡੀ ਤੋੜ ਨਿਭਾ ਜਾਵੀਂ ॥

ਦੁੱਖ ਦਰਦ ਸਮੁੰਦਰਾਂ 'ਚ, ਮਨ ਲੱਟਕਿਆ ਮੇਰਾ ਹੈ ॥
ਦੇਵੋ ਮੌਂਢਾ ਬੇੜੀ ਨੂੰ, ਮਨ ਅੱਟਕਿਆ ਮੇਰਾ ਹੈ ॥
ਇਸ ਭੁੱਲੇ ਰੰਗਰੇਜ਼ ਦੀਆਂ, ਭੁੱਲਾ ਬਖਸ਼ਾ ਜਾਵੀਂ ॥,

*ਮੇਰੀ ਡੁੱਬਦੀ ਬੇੜੀ ਨੂੰ ॥, ਸਾਂਈਆਂ ਬੰਨ੍ਹੇ ਲਾ ਜਾਵੀਂ,
ਅਸੀਂ ਲਾਈ ਤੇਰੇ ਨਾਲ, ਸਾਡੀ ਤੋੜ ਨਿਭਾ ਜਾਵੀਂ ॥
ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/20975/title/asi-lai-tere-naal

अपने Android मोबाइल पर BhajanGanga App डाउनलोड करें और भजनों का आनंद ले |